M11/1/A1PUN/SP1/PAN/TZ0/XX

22110239

International Baccalaureate®
Baccalauréat International
Bachillerato Internacional

**PUNJABI A1 – STANDARD LEVEL – PAPER 1**
**PANJABI A1 – NIVEAU MOYEN – ÉPREUVE 1**
**PUNJABI A1 – NIVEL MEDIO – PRUEBA 1**

Wednesday 11 May 2011 (morning)
Mercredi 11 mai 2011 (matin)
Miércoles 11 de mayo de 2011 (mañana)

1 hour 30 minutes / 1 heure 30 minutes / 1 hora 30 minutos

INSTRUCTIONS TO CANDIDATES

- Do not open this examination paper until instructed to do so.
- Write a commentary on one passage only. It is not compulsory for you to respond directly to the guiding questions provided. However, you may use them if you wish.

INSTRUCTIONS DESTINÉES AUX CANDIDATS

- N'ouvrez pas cette épreuve avant d'y être autorisé(e).
- Rédigez un commentaire sur un seul des passages. Le commentaire ne doit pas nécessairement répondre aux questions d'orientation fournies. Vous pouvez toutefois les utiliser si vous le désirez.

INSTRUCCIONES PARA LOS ALUMNOS

- No abra esta prueba hasta que se lo autoricen.
- Escriba un comentario sobre un solo fragmento. No es obligatorio responder directamente a las preguntas que se ofrecen a modo de guía. Sin embargo, puede usarlas si lo desea.


© International Baccalaureate Organization 2011

https://xtremepape.rs/

*ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਤੇ ਟਿੱਪਣੀ ਲਿਖੋ ।*

**1.**

ਵਕੀਲ ਦਾ ਮਸ਼ਵਰਾ ਸੀ ਕਿ ਬੱਚੀ ਬਾਪ ਨੂੰ ਦੇ ਦਿਉ । ਕੋਰਟ ਵਿੱਚ ਉਸਨੇ ਬੱਚੀ ਦੀ ਮੰਗ ਵੀ ਕੀਤੀ ਸੀ । ਮਾਂ ਪਾਸੋਂ ਲਿਖਾ ਲਿਆਵੋ ਕਿ ਉਹ ਬੱਚੀ ਦੀ ਸੰਭਾਲ ਕਰਨ ਤੋਂ ਅਸਮਰਥ ਹੈ । ਬਾਕੀ ਕਾਰਵਾਈ ਮੇਰੇ ਤੇ ਛੱਡੋ, ਦੋ ਹਫਤਿਆਂ ਵਿੱਚ ਸਾਰਾ ਕੰਮ ਹੋ ਜਾਵੇਗਾ । ਜਸਵਿੰਦਰ ਖੁਸ਼ ਸੀ । ਉਹਦੀ ਸਿਰਦਰਦੀ ਦਾ ਇਲਾਜ ਹੋ ਗਿਆ ਸੀ । ਕੁਲਦੀਪ ਨੇ ਜਸਵਿੰਦਰ ਨੂੰ ਰਾਏ ਦਿੱਤੀ, "ਤੱਤਾ ਨਾ ਲੱਕੀਂ, ਹੌਲੀ ਹੌਲੀ ਸਹਿਜ ਸੁਭਾਅ ਨਾਲ ਕਰਮਜੀਤ ਨੂੰ ਰਜ਼ਾਮੰਦ ਕਰੀਂ । ਔਰਤਾਂ ਛੇਤੀ ਕੀਤਿਆਂ ਬੱਚਾ ਕਿਸੇ ਨੂੰ ਨੀਂ ਦਿੰਦੀਆਂ ਹੁੰਦੀਆਂ । ਕਲੇਸ਼ ਨਾ ਕਰੀਂ, ਦਿਮਾਗ ਤੋਂ ਕੰਮ ਲਵੀਂ । ਹੋਰ ਨਾ ਆਪਣੇ ਪੈਰ ਆਪ ਹੀ ਕੁਹਾੜਾ ਮਾਰ ਲੀਂ"।

"ਫਿਕਰ ਨਾ ਕਰ, ਕੰਮੋ ਦੀ ਕੀ ਮਜ਼ਾਲ ਆ, ਮੇਰਾ ਹੁਕਮ ਨਾ ਮੰਨੇ ।"

ਜਸਵਿੰਦਰ ਨੂੰ ਕਰਮਜੀਤ ਉਪਰ ਲੋੜ ਤੋਂ ਵੱਧ ਵਿਸ਼ਵਾਸ ਸੀ । ਉਹ ਹਾਲਾਤ ਦੀ ਤਬਦੀਲੀ ਔਰਤ ਦੇ ਪਿਆਰ ਅਤੇ ਮਮਤਾ ਵਿਚਕਾਰਲੀ ਬਾਰੀਕ ਲਕੀਰ, ਇਹਨਾਂ ਦੋਨਾਂ ਵਿੱਚੋਂ ਕੁਝ ਵੀ ਨਹੀਂ ਸੀ ਦੇਖ ਰਿਹਾ ।

ਕੁਲਦੀਪ ਨੇ ਪੱਬ ਵਿੱਚੋਂ ਆ ਕੇ, ਪ੍ਰਾਹੁਣਾਚਾਰੀ ਦੇ ਤੌਰ ਤੇ ਰੋਟੀ ਤੋਂ ਪਹਿਲਾਂ ਜਸਵਿੰਦਰ ਨੂੰ ਵਿਸਕੀ ਦੇ ਵੀ ਦੋ ਗੇੜ ਲਵਾਏ । ਬੀਅਰ ਤੇ ਵਿਸਕੀ ਦੇ ਨਸ਼ੇ ਨੇ ਜਸਵਿੰਦਰ ਦਾ ਰੌਂ ਹੋਰ ਵੀ ਤੇਜ਼ ਕਰ ਦਿੱਤਾ । ਖੁਸ਼ੀ ਦੇ ਨਸ਼ੇ ਨਾਲ ਸ਼ਰਾਬ ਦਾ ਨਸ਼ਾ ਹੋਰ ਵੀ ਤਿੱਖਾ ਹੋ ਗਿਆ ਸੀ । ਘਰ ਵੜਦਿਆਂ ਹੀ ਉਹਨੇ ਕਰਮਜੀਤ ਨੂੰ ਬਾਹਾਂ ਵਿੱਚ ਲਿਆ, ਘੁੱਟਿਆ, ਚੁੰਮਿਆਂ ਤੇ ਕਿਹਾ, "ਕੰਮੋਂ, ਆਪਣੀ ਡੇਜ਼ੀ ਵਾਲੀ ਸਮੱਸਿਆ ਵੀ ਹੱਲ ਹੋ ਗਈ"।

"ਉਹ ਕਿਵੇਂ ?"

"ਅੱਜ ਅਸੀਂ ਵਕੀਲ ਕੋਲ ਗਏ ਸੀ । ਉਹ ਕਹਿੰਦਾ ਚਿੰਤਾ ਵਾਲੀ ਕੋਈ ਗੱਲ ਨੀਂ । ਡੇਜ਼ੀ ਦਾ ਬਾਪ ਸੰਭਾਲਣ ਲਈ ਤਿਆਰ ਹੈ । ਬੱਸ ਤੇਰੇ ਦੋ ਅੱਖਰ ਲਿਖਣ ਦੀ ਲੋੜ ਆ । 'ਵਈ ਨਵੇਂ ਹਾਲਾਤ ਅਨੁਸਾਰ ਮੈਂ ਡੇਜ਼ੀ ਨੂੰ ਸੰਭਾਲ ਨਹੀਂ ਸਕਦੀ ।' ਬੱਸ ਏਨੀ ਗੱਲ ਆ, ਆਪਣੀ ਸਿਰਦਰਦੀ ਖਤਮ ।"

"ਕੀ ਕਿਹਾ ? ਮੈਂ ਆਪਣੀ ਬੱਚੀ ਨੀਂ ਸੰਭਾਲ ਸਕਦੀ । ਤੇਰਾ ਮਤਲਬ ਆ, ਮੈਂ ਆਪਣੀ ਕੁੱਖ ਦਾ ਟੋਟਾ ਅੱਡ ਕਰਕੇ ਸਿੱਟ ਦਿਆਂ । ਮੈਂ ਆਪਣੀ ਧੀ ਨੂੰ ਆਪਣੇ ਨਾਲੋਂ ਵੱਖ ਕਰ ਦਿਆਂ ।"

"ਕੰਮੋ, ਮੇਰੇ ਲਈ ਅੱਗੇ ਤੂੰ ਏਨਾ ਕੁਝ ਕੀਤਾ, ਇਹ ਕੌੜਾ ਘੁੱਟ ਵੀ ਭਰ ਲੈ । ਆਪਾਂ ਸਾਰੀ ਉਮਰ ਐਸ਼ ਕਰਾਂਗੇ ।"

"ਮੇਰੀ ਕੀਤੀ ਦਾ ਤੂੰ ਚੰਗਾ ਇਨਾਮ ਦੇਣ ਲੱਗਾਂ । ਮੈਤੋਂ ਮੇਰੀ ਧੀ ਖੋਂਹਦੇ ਤੈਨੂੰ ਸ਼ਰਮ ਨੀਂ ਆਉਂਦੀ ।"

"ਸ਼ਰਮ ਵਾਲੀ ਇਹਦੇ 'ਚ ਕਿਹੜੀ ਗੱਲ ਆ, ਕੁਰਬਾਨੀ ਆ । ਆਸ਼ਕਾਂ ਨੂੰ ਤਾਂ ਬੜੀਆਂ ਕੁਰਬਾਨੀਆਂ ਕਰਨੀਆਂ ਪੈਂਦੀਆਂ ਨੇ ।"

"ਮੈਂ ਜਿੰਨੀ ਕੁਰਬਾਨੀ ਕਰਨੀ ਸੀ ਕਰ ਚੁੱਕੀ, ਹੁਣ ਕੁਰਬਾਨੀ ਕਰਨ ਦੀ ਤੇਰੀ ਵਾਰੀ ਆ । ਤੈਨੂੰ ਡੇਜ਼ੀ ਦਾ ਪਿਉ ਬਣਨਾ ਪੈਣਾ ਈ ਪੈਣਾ ।"

"ਮੈਂ ਤੇਰੀ ਖਾਤਰ ਜ਼ਹਿਰ ਪੀ ਸਕਦਾਂ, ਪਰ ਇਹ ਨੀਂ ਮੈਥੋਂ ਨਿਗਲ ਹੋਣਾ । ਚੁੱਪ ਕਰਕੇ ਕੁੜੀ ਬੁੜੇ ਦੇ ਮੱਥੇ ਮਾਰ । ਬਹੁਤੀਆਂ ਗੱਲਾਂ 'ਚ ਕੀ ਪਿਆ ।"

ਕਰਮਜੀਤ ਜਸਵਿੰਦਰ ਦੇ ਕੁੜੀ ਵੱਲ ਇਸ ਨਿਰਮੋਹੇ ਵਤੀਰੇ ਤੋਂ ਤੰਗ ਪੈ ਗਈ ਸੀ । ਉਸ ਨੂੰ ਜਸਵਿੰਦਰ ਤੋਂ ਇਹ ਆਸ ਨਹੀਂ ਸੀ । ਆਖਰ ਕਰਮਜੀਤ ਦੇ ਸਬਰ ਦਾ ਪਿਆਲਾ ਉੱਛਲ ਗਿਆ । ਕਰਮਜੀਤ ਦੀਆਂ ਅੱਖਾਂ ਵਿੱਚ ਲਹੂ ਉੱਤਰ ਆਇਆ । ਘਾਇਲ ਸ਼ੇਰਨੀ ਵਾਂਗ ਉਹ ਚਿੰਘਾੜ ਉੱਠੀ । ਉਹਨੇ ਆਪਣੇ ਹੈਂਡਬੈਗ ਵਿੱਚੋਂ ਜਸਵਿੰਦਰ ਦਾ ਪਾਸਪੋਰਟ ਕੱਢਿਆ ਅਤੇ ਉਸਦੇ ਮੂੰਹ 'ਤੇ ਵਗਾਹ ਮਾਰਿਆ ।

"ਜੇ ਬੰਦੇ ਦਾ ਪੁੱਤ ਆਂ, ਤਾਂ ਭੱਜ ਜਾ ਏਥੋਂ ਹੁਣੇ, ਖਬਰਦਾਰ ਜੇ ਇੱਕ ਵੀ ਮਿੰਟ ਠਹਿਰਿਆ । ਆਪਣਾ ਸਾਮਾਨ ਚੁੱਕ ਤੇ ਤਿੱਤਰ ਹੋ ਨਹੀਂ ਤਾਂ ਪੰਜਾਂ ਮਿੰਟਾਂ ਵਿੱਚ ਪੁਲਸ ਤੇਰਾ ਸਾਮਾਨ ਲੈ ਕੇ ਜਾਊ ।" ਕਰਮਜੀਤ ਗੁੱਸੇ ਵਿੱਚ ਵਿਫਰੀ ਹੋਈ ਰੋ ਰਹੀ ਸੀ ।

ਜਸਵਿੰਦਰ ਉੱਠਿਆ, ਘੂਰਨ ਦੇ ਅੰਦਾਜ਼ ਵਿੱਚ ਬੋਲਿਆ, "ਕਰਾਵਾਂ ਚੁੱਪ, ਲੱਗੀ ਆ ਬੁੱਕਣ"।

ਜਸਵਿੰਦਰ ਦੇ ਮੂੰਹ ਵਿੱਚ ਹੀ ਅਜੇ ਇਹ ਸ਼ਬਦ ਸਨ ਕਿ ਕਰਮਜੀਤ ਨੇ ਉਹਦਾ ਸੂਟਕੇਸ ਚੁੱਕ ਕੇ ਪੌੜੀਆਂ ਤੋਂ ਥੱਲੇ ਮਾਰਿਆ । "ਹਰਾਮਦਿਆ ਬੁਲਾਮਾਂ ਪੁਲਸ ।"

ਜਸਵਿੰਦਰ ਦਾ ਮਰਦਾਊਪੁਣਾ ਸਕਿੰਟਾਂ ਵਿੱਚ ਹੀ ਮੁਰਦੇਹਾਣ ਹੋ ਗਿਆ । ਜਸਵਿੰਦਰ ਨੇ ਇੱਕ ਮਿੰਟ ਕਰਮਜੀਤ ਵੱਲ ਵੇਖਿਆ ਜਿਵੇਂ ਤਾੜਨਾ ਕਰ ਰਿਹਾ ਹੋਵੇ । "ਮੈਂ ਕੁਲਦੀਪ ਕੋਲ ਹੋਊਂ, ਜਦੋਂ ਤੇਰਾ ਗੁੱਸਾ ਢਿੱਲਾ ਹੋ ਗਿਆ ਆ ਕੇ ਗੱਲ ਕਰੀਂ । ਐਮੇਂ ਤਾਂ ਨੀਂ ਲੋਕ ਕਹਿੰਦੇ, 'ਬੁੜੀਆਂ ਦੀ ਗੁੱਤ ਪਿੱਛੇ ਮੱਤ ਹੁੰਦੀ ਆ' ।" ਕਹਿੰਦਾ ਹੋਇਆ ਉਹ ਬੂਹਿਓਂ ਪਾਰ ਹੋ ਗਿਆ ।

"ਮਮਤਾ", *ਬਦਰੰਗ*, ਸ਼ਿਵਚਰਨ ਗਿੱਲ (1999)



https://xtremepape.rs/

– ਕਰਮਜੀਤ ਦੇ ਦਿਲ ਦੀ ਹਾਲਤ ਦੱਸਣ ਲਈ ਲੇਖਕ ਬੋਲੀ ਦੀ ਵਰਤੋਂ ਕਿਵੇਂ ਕਰਦਾ ਹੈ ?

– ਵਾਰਤਾ ਵਿੱਚ ਜਸਵਿੰਦਰ ਤੇ ਕਰਮਜੀਤ ਦੇ ਸਬੰਧ ਕਿਵੇਂ ਬਿਆਨ ਕੀਤੇ ਗਏ ਹਨ ?

– ਇਸ ਵਿੱਚ ਵਰਤੀ ਗਈ ਬੋਲੀ ਅਤੇ ਸ਼ਬਦਾਵਲੀ ਤੇ ਟਿੱਪਣੀ ਕਰੋ ।

– ਕੀ ਲੇਖਕ ਵਿਸ਼ਾ ਵਸਤੂ ਨੂੰ ਪੇਸ਼ ਕਰਨ ਲਈ ਲਿਖਤ ਕਲਾ ਦੇ ਢੰਗ ਵਰਤ ਕੇ ਆਪਣੀ ਗੱਲ ਸੁਚੱਜੇ ਢੰਗ ਨਾਲ ਕਹਿਣ ਵਿੱਚ ਸਫਲ ਹੋਇਆ ਹੈ ?



https://xtremepape.rs/

**2.**

**ਮੇਰੇ ਪਰਤ ਆਉਣ ਤੱਕ**

ਮੇਰੇ ਪਰਤ ਆਉਣ ਤੱਕ
ਮੇਰੀ ਉਮਰਾਂ ਦੇ ਰੁੱਖ ਮਰ ਗਏ ਹੋਣਗੇ
ਧੁੱਪਾਂ ਛਾਂਵਾਂ ਨੂੰ ਸੁੰਨ ਕਰ ਗਏ ਹੋਣਗੇ ।

ਮੇਰੇ ਪਰਤ ਆਉਣ ਤੱਕ
ਮੇਰੇ ਮਾਂ ਪਿਉ ਦੇ ਫੁੱਲ ਤੁਰ ਗਏ ਹੋਣਗੇ
ਸਾਰੇ ਵਿਹੜੇ ਦੇ ਰੰਗ ਖੁਰ ਗਏ ਹੋਣਗੇ ।

ਮੇਰੇ ਪਰਤ ਆਉਣ ਤੱਕ
ਸਾਰੇ ਸ਼ਾਮਾਂ ਦੇ ਸੂਰਜ ਅਸਤ ਹੋਣਗੇ
ਮੇਥੋਂ ਅਣਜਾਣ ਲੋਕੀ ਮਸਤ ਹੋਣਗੇ ।

ਮੇਰੇ ਪਰਤ ਆਉਣ ਤੱਕ
ਪਿੰਡ ਦੇ ਪੰਛੀ ਮੇਰੇ ਰਾਗ ਭੁੱਲ ਜਾਣਗੇ
ਮੇਰੇ ਮਿੱਤਰ ਵੀ ਕਬਰਾਂ ਵਿੱਚ ਰੁਲ ਜਾਣਗੇ ।

ਮੇਰੇ ਪਰਤ ਆਉਣ ਤੱਕ
ਪਿੰਡ ਦੇ ਬੂਹਿਆਂ ਵਿੱਚ ਪਿੱਠਾਂ ਦੀ ਕੰਧ ਹੋਵੇਗੀ
ਹਰ ਗਲੀ ਮੇਰੇ ਚਿਹਰੇ ਲਈ ਬੰਦ ਹੋਵੇਗੀ ।

ਮੇਰੇ ਪਰਤ ਆਉਣ ਤੱਕ
ਮੇਰੇ ਪਰਤਣ ਦਾ ਚਾਅ ਵੀ ਪਰਤ ਜਾਵੇਗਾ
ਮਨ ਸਮੁੰਦਰ'ਚ ਕਿਧਰੇ ਗਰਕ ਜਾਵੇਗਾ ।

ਮੇਰੇ ਪਰਤ ਆਉਣ ਤੱਕ
ਮੇਰਾ ਪਿੰਡ ਮੇਰਾ ਪ੍ਰਦੇਸ ਹੋ ਜਾਵੇਗਾ
ਚਾਂਦੀ ਰੰਗਾ ਮੇਰਾ ਵੇਸ ਹੋ ਜਾਵੇਗਾ ।

ਮੇਰੇ ਪਰਤ ਆਉਣ ਤੱਕ
ਮੇਰੇ ਪਰਤ ਆਉਣ ਤੱਕ ।

ਅਵਤਾਰ (1983)

– ਟਿੱਪਣੀ ਕਰੋ ਕਿ ਇਸ ਕਵਿਤਾ ਵਿੱਚ ਕਵੀ ਨੇ ਆਪਣੇ ਦੇਸ਼ ਵਾਪਸ ਜਾਣ ਸਬੰਧੀ ਮਨੋਭਾਵ ਕਿਸ ਤਰ੍ਹਾਂ ਪੇਸ਼ ਕੀਤੇ ਹਨ ।

– ਕਵਿਤਾ ਵਿੱਚ ਵਰਤੀ ਬੋਲੀ ਕਵੀ ਦੇ ਵਿਚਾਰ ਸਮਝਣ ਵਿੱਚ ਕਿੰਨੀ ਕੁ ਮਦਦ ਕਰਦੀ ਹੈ ?

– ਪਾਠਕਾਂ ਦੇ ਮਨੋਭਾਵ ਉਭਾਰਨ ਲਈ ਕਵੀ ਵਲੋਂ ਵਰਤੇ ਗਏ ਸਾਹਿਤਕ ਢੰਗਾਂ ਤੇ ਟਿੱਪਣੀ ਕਰੋ ।



https://xtremepape.rs/